**Shikshan Sanshodhan : Journal of Arts, Humanities and Social Sciences** ISSN: 2581-6241
Monthly, Peer-Reviewed, Refereed, Indexed Journal Impact Factor: 5.146
Volume - 5, Issue - 10, October - 2022 Publication Date: 31/10/2022

DOIs:10.2018/SS/202210010 --:-- Research Article

# ਔਰਤ ਦੀ ਹੋਂਦ ਅਤੇ ਹੋਣੀ ਦਾ ਕਠੋਰ ਯਥਾਰਥ
# (ਦੇਸ਼ ਵੰਡ ਨਾਲ ਸੰਬੰਧਿਤ ਨਾਟਕ 'ਅੰਨੇ ਨਿਸ਼ਾਨਚੀ' ਦੇ ਪ੍ਰਸੰਗ ਵਿੱਚ)

**ਵੀਰਪਾਲ ਕੌਰ**
ਪੀਐਚ. ਡੀ., ਵਿਭਾਗ – ਪੰਜਾਬੀ, ਯੂਨੀਵਰਸਿਟੀ ਕਾਲਜ ਆਫ ਬੇਸਿਕ ਸਾਇੰਸਜ਼ ਐਂਡ ਹਿਊਮੈਨਟੀਜ਼,
ਗੁਰੂ ਕਾਸ਼ੀ ਯੂਨੀਵਰਸਿਟੀ, ਤਲਵੰਡੀ ਸਾਬੋ (ਬਠਿੰਡਾ)
ਈਮੇਲ :- jassbrarsidhu@gmail.com

15 ਅਗਸਤ, 1947 ਦਾ ਦਿਨ ਭਾਰਤ ਦੇ ਇਤਿਹਾਸ ਦਾ ਅਜਿਹਾ ਸਫ਼ਾ ਹੈ ਜਿਹੜਾ ਭਾਰਤ ਅਤੇ ਪਾਕਿਸਤਾਨ ਦੀ ਆਜ਼ਾਦੀ ਦਾ ਦਿਨ ਹੀ ਨਹੀਂ ਸਗੋਂ ਇਕ ਜਖਮੀ ਇਤਿਹਾਸ ਦਾ ਵੀ ਗਵਾਹ ਹੈ। ਇਹ ਇਕ ਇਤਿਹਾਸਕ ਦੁਖਾਂਤ ਹੈ। ਅਜਾਦੀ ਦੀ ਇਸ ਵੰਡ ਨੇ ਪੰਜਾਬ ਦੀ ਧਰਤੀ ਨੂੰ ਹੀ ਦੋ ਹਿੱਸਿਆਂ ਵਿੱਚ ਨਹੀਂ ਵੰਡਿਆ ਬਲਕਿ ਸਾਂਝੀ ਪੰਜਾਬੀਅਤ ਦੀ ਚੇਤਨਾ ਨੂੰ ਵੀ ਕਈ ਹਿੱਸਿਆ ਵਿਚ ਵੰਡ ਦਿੱਤਾ। ਦੇਸ਼ ਵੰਡ ਨਾਲ ਸਾਂਝਾ ਸੱਭਿਆਚਾਰ ਹੀ ਨਹੀਂ ਵੰਡਿਆ ਗਿਆ ਸਗੋਂ ਸਾਂਝੀ ਕੌਮੀਅਤ ਵੀ ਵੰਡੀ ਗਈ। ਡਾ. ਸੁਹਿੰਦਰ ਸਿੰਘ ਵਣਜਾਰਾ ਬੇਦੀ ਆਪਣੇ ਵਿਚਾਰ ਪੇਸ਼ ਕਰਦੇ ਹਨ, "ਪੰਜਾਬ ਦੀਆਂ ਹੱਦਾਂ ਵਿਚ ਭਾਵੇਂ ਰਾਜਸੀ ਕਾਰਨਾ ਕਰਕੇ ਅੱਗੇ ਵੀ ਤਬਦੀਲੀਆਂ ਹੁੰਦੀਆਂ ਰਹੀਆਂ ਹਨ ਪਰ ਇਸ ਦੀ ਸੱਭਿਆਚਾਰਕ ਇਕਾਈ ਸਦਾ ਕਾਇਮ ਰਹਿੰਦੀ ਰਹੀ ਹੈ। ਦੇਸ਼ ਵੰਡ ਸਮੇਂ ਪਹਿਲੀ ਵਾਰ ਇਸ ਇਕਾਗੀ ਵਿਚ ਭਰਮੀ ਤਰੇੜ ਪਈ ਤੇ ਸਾਂਝੀ ਸਾਹਿਤ ਕਲਾ ਤੇ ਵਿਰਸੇ ਦੀ ਮਾਲਕ ਇਕ ਕੌਮ ਵੱਖ-ਵੱਖ ਸੱਭਿਆਤਾਵਾਂ ਵਿਚ ਪਾਟ ਗਈ।"[1] ਫਿਰਕੂ ਆਧਾਰਾਂ ਤੇ ਹੋਈ ਇਸ ਵੰਡ ਦੌਰਾਨ ਖ਼ੁਨ ਖਰਾਬੇ ਦਾ ਪ੍ਰਭਾਵ ਪੰਜਾਬੀ ਸਾਹਿਤ ਵਿਚ ਅੱਜ ਵੀ ਵੇਖਿਆ ਜਾ ਸਕਦਾ ਹੈ।

ਦੇਸ਼ ਦੀ ਵੰਡ ਦੇ ਭਿਆਨਕ ਸਿੱਟੇ ਨਿਕਲੇ ਪਰ ਜਿਹੜੀ ਦੂਹਰੀ ਮਾਰ ਇਸ ਵੰਡ ਦੀ ਔਰਤ ਨੂੰ ਝੱਲਣੀ ਪਈ ਉਸਨੇ ਸਮਾਜਿਕ-ਸਭਿਆਚਾਰਕ ਕਦਰਾਂ ਕੀਮਤਾਂ ਅੱਗੇ ਕਈ ਸਵਾਲੀਆ ਪ੍ਰਸ਼ਨ ਖੜ੍ਹੇ ਕਰ ਦਿੱਤੇ। ਔਰਤ ਸਰੀਰਕ ਅਤੇ ਮਾਨਸਿਕ ਦੋਹਾਂ ਪੱਖਾਂ ਤੋਂ ਹੀ ਵਲੂਧਰੀ ਗਈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਜਦੋਂ ਵੀ ਕੋਈ ਦੰਗੇ ਫਸਾਦ ਜਾ ਫਿਰ ਕੋਈ ਯੁੱਧ ਹੁੰਦਾ ਹੈ ਤਾਂ ਸਭ ਤੋਂ ਵੱਧ ਨੁਕਸਾਨ ਔਰਤ ਦਾ ਹੀ ਹੁੰਦਾ ਹੈ। ਔਰਤਾਂ ਦੀ ਬੇਪੱਤੀ ਕੀਤੀ ਗਈ। ਇਹ ਦੂਜੇ ਦੇ ਧਰਮ ਦੀਆਂ ਸਮਝ ਕੇ ਉਹਨਾਂ ਦੀ ਪਤ ਨੂੰ ਵਾਰ-ਵਾਰ ਰੋਲਿਆ ਗਿਆ। ਔਰਤ ਦੀ ਪੀੜਾ ਉਦੋਂ ਲੀਰੋ-ਲੀਰ ਹੁੰਦੀ ਹੈ ਜਦੋਂ ਕਾਮ ਵਿਚ ਅੰਨ੍ਹਾਂ ਹੋਇਆ ਮਨੁੱਖ ਕਿਸੇ ਵੀ ਔਰਤ ਨੂੰ ਨਹੀਂ ਬਖਸ਼ਦਾ, "ਹੱਲੇ ਗੁੱਲਿਆਂ ਵਿਚੋਂ ਹਮੇਸ਼ਾ ਇਸਤਰੀ ਜਿਹੜੀ ਕਿ ਮਨੁੱਖਤਾ ਦੀ ਮਾਂ ਅਤੇ ਸੋਹਜ ਕੌਮਲਤਾ ਦੀ ਪ੍ਰਤੀਕ ਹੈ, ਨੂੰ ਮਨੁੱਖ ਦੀ ਵਹਿਸਤ ਦਾ ਨਿਸ਼ਾਨਾ ਬਣਨਾ ਪੈਂਦਾ ਹੈ। ਇਸਦਾ ਕਾਰਨ ਸ਼ਾਇਦ ਇਹ ਹੈ ਕਿ ਜਾਬਰ ਮਨੁੱਖ ਨੂੰ ਅਜਿਹੇ ਸਮੇਂ ਆਪਣੇ ਹੈਵਾਨੀ ਸੁਭਾ ਤੋਂ ਲੱਗੀਆਂ ਪਾਬੰਦੀਆਂ ਤੋਂ ਮੁਕਤੀ ਪ੍ਰਾਪਤ ਕਰਨ ਦਾ ਮੌਕਾ ਮਿਲ ਜਾਂਦਾ ਹੈ।"[2]

ਇਸ ਸਰੀਰਕ ਅਤੇ ਮਾਨਸਿਕ ਪੀੜਾਂ ਨੂੰ ਕੇਵਲ ਕੁਆਰੀਆਂ ਕੁੜੀਆਂ ਨੇ ਹੀ ਆਪਣੇ ਪਿੰਡੇ ਤੇ ਨਹੀਂ ਹੰਢਾਇਆ ਸਗੋਂ ਵਿਆਹੀਆਂ ਵਰ੍ਹੀਆਂ ਤੇ ਬਜੁਰਗ ਔਰਤਾਂ ਵੀ ਇਸ ਅੱਗ ਦੀ ਲਪੇਟ ਵਿਚ ਸੁਆਹ ਹੋ ਗਈਆਂ। ਦੰਗਿਆਂ ਦੌਰਾਨ ਭਾਈਚਾਰਕ ਰਿਸ਼ਤਿਆਂ ਦੀ ਸਾਂਝ ਨੂੰ ਸਭ ਤੋਂ ਵੱਧ ਖੋਰ ਲੱਗਾ। ਜਿਸਦਾ ਮੁੱਲ ਔਰਤ ਨੂੰ ਹੀ ਤਾਰਨਾ ਪਿਆ। ਸਦੀਆਂ ਤੋਂ ਚਲੀ ਆ ਰਹੀ ਮਨੁੱਖੀ ਸਾਂਝ ਤਾਰ-ਤਾਰ ਹੋ ਗਈ, ਅਪਣੱਤ ਮਾਰੀ ਗਈ। ਮਨੁੱਖ ਅਦਰਲੀ ਕਾਮ ਵਾਸਨਾ ਦੀ ਅੰਨ੍ਹੀ ਬੋਲੀ ਹਨੇਰੀ ਨੇ ਸਮਾਜਿਕ ਕਦਰਾਂ ਕੀਮਤਾਂ ਤੇ ਖਲੋਣ ਨਾ ਦਿੱਤਾ। ਉਮਰੋਂ ਵਡੇਰੇ ਮਰਦ ਜਿਨ੍ਹਾਂ ਨੇ ਕੁੜੀਆਂ ਵਿਚਲੀ ਪਵਿਤਰਤਾ ਭੰਗ ਕਰਕੇ ਮਨੁੱਖੀ ਸਮਾਜ ਨੂੰ ਜੰਗਲੀ ਸਮਾਜ ਵਿਚ ਤਬਦੀਲ ਕਰ ਦਿੱਤਾ। ਮੁਸਲਮਾਨਾਂ ਨੇ ਹਿੰਦੂ, ਸਿੱਖ ਕੁੜੀਆਂ ਨੂੰ ਲਕੋ ਕੇ ਰੱਖ ਲਿਆ ਅਤੇ ਸਿੱਖਾ ਨੇ ਮੁਸਲਮਾਨ ਕੁੜੀਆਂ ਨੂੰ ਰੱਖ ਕੇ ਆਪਣੇ ਘਰੇ ਵਸਾ ਲਿਆ। ਸਭ ਤੋਂ ਵੱਡਾ ਜੁਲਮ ਉਸ ਸਮੇਂ ਇਹ ਵੀ ਕੀਤਾ ਗਿਆ ਕਿ ਜਬਰੀ ਉਹਨਾਂ ਦਾ ਧਰਮ ਵੀ ਪਰਿਵਰਤਨ ਕਰਵਾ ਦਿੱਤਾ ਗਿਆ। ਅਜਮੇਰ ਸਿੰਘ ਔਲਖ ਦੇ ਨਾਟਕ 'ਅੰਨੇ ਨਿਸ਼ਾਨਚੀ' ਵਿਚ ਔਰਤ ਦੀ ਤ੍ਰਾਸਦਿਕ ਹੋਣੀ ਦੀ ਪ੍ਰਤੱਖ ਤਸਵੀਰ ਦੇਖੀ ਜਾ ਸਕਦੀ ਹੈ। ਔਲਖ ਨੂੰ ਭਾਵੇਂ ਬਹੁਤਾ ਕਰਕੇ ਨਿਮਨ ਕਿਸਾਨੀ ਦੇ ਦੁਖਾਂ ਦਰਦਾ ਦਾ ਚਿਤੇਰਾ ਮੰਨਿਆ ਜਾਂਦਾ ਹੈ ਪਰ ਅੰਨੇ ਨਿਸ਼ਾਨਚੀ ਅਜਿਹਾ ਨਾਟਕ ਹੈ ਜਿਸਦਾ ਇਸ ਦੇਸ਼ ਵੰਡ ਸਮੇਂ ਔਰਤਾਂ ਤੇ ਹੋਏ ਅੱਤਿਆਚਾਰਾਂ ਅਤੇ ਸਰੀਰਕ ਸ਼ੋਸ਼ਣ ਦੁਆਲੇ ਘੁੰਮਦਾ ਹੈ।

ਸਦੀਆਂ ਤੋਂ ਭਰਾਵਾਂ ਵਾਂਗ ਇਕੱਠੀਆਂ ਰਹਿੰਦੀਆਂ ਆ ਰਹੀਆਂ ਕੌਮਾਂ, ਹਿੰਦੂ ਸਿੱਖ ਤੇ ਮੁਸਲਮਾਨ ਇਕ ਦੂਜੇ ਦੇ ਖ਼ੂਨ ਦੇ ਪਿਆਸੇ ਹੋ ਗਏ। ਸਦੀਆਂ ਪੁਰਾਣੀਆਂ ਭਾਈਚਾਰਕ ਸਾਂਝ ਤਿਣਕਾ-ਤਿਣਕਾ ਹੋ ਕੇ ਬਿਖਰ ਗਈ। ਪਾਗਲ ਔਰਤ ਦੇ ਕਿਰਦਾਰ ਰਾਹੀਂ ਲੇਖਕ ਨੇ ਇਨਸਾਨੀ ਰਿਸ਼ਤਿਆਂ ਨੂੰ ਸੰਪਰਦਾਇਕਤਾ ਦੀ ਅੱਗ ਵਿਚ ਸੜਦੇ ਦਿਖਾਇਆ ਹੈ। ਫਿਰਕੂਆਂ ਦੁਆਰਾ ਉਸਦੇ ਪੁੱਤਰ ਨੂੰ ਮਾਰ ਦਿੱਤਾ ਗਿਆ। ਉਸਦੀ ਪੱਤ ਵਾਰ-ਵਾਰ ਰੋਲੀ ਗਈ ਜਿਸ ਕਰਕੇ ਉਹ ਆਪਣਾ ਮਾਨਸਿਕ ਸੰਤੁਲਨ ਗਵਾ ਬੈਠਦੀ ਹੈ। ਅਜਿਹੀ ਹਾਲਤ ਵਿਚ ਵੀ ਉਹ ਖੜਕ ਸਿੰਘ ਅਤੇ ਨੱਥੂ ਰਾਮ ਨੂੰ ਔਰਤ ਜਾਤੀ ਦੇ ਸਮਾਜ ਵਿਚਲੇ ਰਿਸ਼ਤਿਆਂ ਦਾ ਅਹਿਸਾਸ ਦਿਵਾਉਣ ਦੀ ਕੋਸ਼ਿਸ਼ ਕਰਦੀ ਹੈ :

ਖੜਕ ਸਿੰਘ : (ਸ਼ੱਕ ਅਤੇ ਰੋਅਬ ਵਿਚ) "ਕੌਣ ਐ ਤੂੰ?
ਮੁਟਿਆਰ : (ਇੱਕ ਇੱਕ ਵੱਲ ਉਂਗਲ ਕਰਦੀ ਦੁੱਖ ਵਿਚ ਆਪ ਮੁਹਾਰੇ)
ਤੀਵੀਂ ਮਾਨੀ ਤ੍ਰੀਮਤ! ਤੇਰੀ ਮਾਂ, ਇਸ ਦੀ ਭੈਣ ਅਤੇ ਉਸਦੀ ਧੀ।
ਨੱਥੂ ਰਾਮ : ਮੁਸਲੀ ਐ? ਮੁਸਲੇ ਦੀ ਧੀ।"[3]

ਔਲਖ ਨੇ ਹਵਸ ਵਿਚ ਅੰਨੇ ਹੋਏ ਲੋਕਾਂ ਦਾ ਅਜਿਹਾ ਚਿਤਰ ਉਲੀਕਿਆ ਹੈ, ਜਿਸ ਨੂੰ ਦੇਖਕੇ ਮਨੁੱਖਤਾ ਦਾ ਸਿਰ ਨੀਵਾਂ ਹੋ ਜਾਵੇ। ਅੰਨੇ ਨਿਸ਼ਾਨਚੀ ਨਾਟਕ ਵਿਚ ਫੱਟੇ ਚੱਕ ਨਾਂ ਦੇ ਪਾਤਰ ਅੰਦਰ ਵੀ ਅਜਿਹੀ ਭੁੱਖ ਵਸੀ ਕਿ ਉਹ ਮਨੁੱਖੀ ਰਿਸ਼ਤਿਆਂ ਦੀਆਂ ਸਾਰੀਆਂ ਹੱਦਾਂ ਪਾਰ ਕਰਕੇ ਵਕਤ ਦੀ ਸਤਾਈ ਪਾਗਲ ਮੁਟਿਆਰ ਨੂੰ ਵੀ ਆਪਣੀ ਹਵਸ ਦਾ ਸ਼ਿਕਾਰ ਬਨਾਉਣ ਤੋਂ ਗੁਰੇਜ਼ ਨਹੀਂ ਕਰਦਾ। ਉਸ ਦੀ ਫਿਰਕੂ ਸੋਚ ਇਨਸਾਨੀ ਰਿਸ਼ਤਿਆਂ ਦੀ ਬਜਾਏ ਫਿਰਕੂ ਰਿਸ਼ਤਿਆਂ ਤੇ ਟਿਕੀ ਹੋਈ ਹੈ ਜੋ ਉਸਦੇ ਬੋਲ ਵਿਚੋਂ ਝਲਕਦੀ ਹੈ :

ਫੱਟੇ ਚੱਕ : ਆਵਦਾ ਜੀ ਸਰਦਾਰ ਸੈਹਿਬ ਗਜ਼ਬ ਹੋ ਗਿਆ।
ਮੈਥੋਂ ਤਾਂ ਬੜਾ ਭਾਰੀ ਪਾਪ ਹੋ ਗਿਆ ......
ਖੜਕ ਸਿੰਘ : (ਹੈਰਾਨ ਹੋ ਕੇ) ਕਿਹੜਾ ਪਾਪ ਉਇ?
ਫੱਟੇ ਚੱਕ : ਆਵਦਾ ਜੀ, ਮੈਂ ਤਾਂ ਆਪਣੀ ਇੱਕ ਸਿੱਖ ਭੈਣ
ਭੈਣ ਦੀ ਵੀ ਇੱਜਤ ਨੂੰ ਹੱਥ ਪਾ ਬੈਠਾ
ਖੜਕ ਸਿੰਘ : ਕੀ ਮਗਜਾਲੀ ਮਾਰਦੈ?[4]

ਮਾਂ ਅਤੇ ਔਲਾਦ ਦਾ ਰਿਸ਼ਤਾ ਇੱਕ ਅਜਿਹਾ ਰਿਸ਼ਤਾ ਹੁੰਦਾ ਹੈ ਜਿਸਨੂੰ ਖ਼ੂਨ ਨਾਲ ਸਿੱਜ਼ਿਆ ਗਿਆ ਹੁੰਦਾ ਹੈ। ਪਾਗਲ ਮੁਟਿਆਰ ਦੇ ਭੋਲੂ ਨੂੰ ਫਿਰਕੂਆਂ ਨੇ ਮਾਰ ਦਿੱਤਾ। ਬੁੱਢੀ ਔਰਤ ਦੇ ਧੀਆਂ-ਪੁੱਤਾਂ, ਪੋਤੇ-ਪੋਤੀਆਂ ਨੂੰ ਧਰਮ ਦੇ ਅਖੌਤੀ ਰਾਖਿਆ ਨੇ ਮਾਰ ਦਿੱਤਾ। ਇਹ ਦੋਨੋ ਔਰਤਾਂ ਔਲਾਦ ਦਾ ਦੁੱਖ ਨਾ ਸਹਿੰਦੀਆਂ ਹੋਈਆਂ ਪਾਗਲ ਹੋ ਜਾਂਦੀਆਂ ਹਨ। ਪਾਗਲ ਔਰਤ ਦੇ ਪਾਤਰ ਰਾਹੀਂ ਲੇਖਕ ਨੇ 'ਮਾਂ' ਵਰਗੇ ਰਿਸ਼ਤੇ ਦੀ ਅਹਿਮੀਅਤ ਦਰਸਾਈ ਹੈ। ਪਾਗਲ ਮੁਟਿਆਰ ਦਾ ਭੋਲੂ ਪਹਿਲਾਂ ਹੀ ਸੰਪਰਦਾਇਕਤਾ ਦੀ ਭੇਂਟ ਚੜ੍ਹ ਚੁੱਕਿਆ ਹੈ ਉਸਨੂੰ ਹਰ ਬੱਚੇ ਵਿਚੋਂ ਭੋਲੂ ਦਿਖਦਾ ਹੈ ਕਿਉਂਕਿ ਮਾਂ ਦਾ ਕੋਈ ਧਰਮ ਜਾ ਕੋਈ ਜਾਤ ਨਹੀਂ ਹੁੰਦੀ। ਮਾਂ ਸਿਰਫ ਮਾਂ ਹੁੰਦੀ ਹੈ। ਜਦੋਂ ਮੁਸਲਮਾਨ ਔਰਤ ਦੇ ਮੁੰਡੇ ਨੂੰ ਨੱਥੂ ਰਾਮ, ਭੋਲੂ ਦਾ ਬਦਲਾ ਲੈਣ ਲਈ ਮਾਰਨਾ ਚਾਹੁੰਦਾ ਹੈ ਤਾਂ ਉਹ ਕੁਰਲਾ ਉਠਦੀ ਹੈ :-

ਮੁਟਿਆਰ (ਚੀਖਦੀ ਹੋਈ) ਭੋਲੂ ਨੂੰ ਮਾਰਨ ਤੋਂ ਪਹਿਲਾਂ ਉਸਦੀ ਮਾਂ ਦਾ ਢਿੱਡ ਪਾੜੋ। ਜਿਸ ਕੰਜਰੀ ਨੇ ਉਸਨੂੰ ਜਨਮ ਦੇਣ ਦਾ ਗੁਨਾਹ ਕੀਤਾ। ਹਾਂ ਹਾਂ ਸਾਰੀਆਂ ਮਾਵਾਂ ਦੇ ਢਿੱਡ ਪਾੜ ਸੁੱਟੋ।"[5]

ਸਮਾਜਿਕ ਰਿਸ਼ਤਿਆਂ ਵਿਚ ਅਤੇ ਖਾਸ ਕਰਕੇ ਨਾਰੀ ਸੰਵੇਦਨਾ ਪ੍ਰਤੀ ਦੰਭੀ ਅਤੇ ਛਲੀਆਂ ਪ੍ਰਵਿਰਤੀਆਂ ਦੀ ਵੀ ਔਲਖ ਨੇ ਇਸ ਨਾਟਕ ਵਿਚ ਕਰੜੀ ਆਲੋਚਨਾ ਕੀਤੀ ਹੈ। ਜਿਸ ਮੁਟਿਆਰ ਨੂੰ ਪਾਗਲ ਦੇ ਰੂਪ ਵਿਚ ਪ੍ਰਸਤੁਤ ਕੀਤਾ ਗਿਆ ਹੈ। ਉਹ ਅਸਲ ਵਿਚ ਪਾਗਲ ਨਹੀਂ। ਉਸ ਰਾਹੀਂ ਔਲਖ ਨੇ ਪਾਗਲ ਹੋਏ ਦੰਭੀ, ਸਮਾਜਕ ਅਤੇ ਧਾਰਮਿਕ ਅਲੰਬਰਦਾਰਾਂ ਦੇ ਕਿਰਦਾਰਾਂ ਦੀ ਅਤੇ ਉਨ੍ਹਾਂ ਦੇ ਮਾਨਵੀ ਰਿਸ਼ਤਿਆਂ ਨੂੰ ਸਮਝਣ ਦੀ ਸਮਰੱਥਾ ਤੇ ਕਰੜੀ ਆਲੋਚਨਾ ਕੀਤੀ ਹੈ। ਉਦਾਹਰਣ ਵਜੋਂ ਪਾਗਲ ਮੁਟਿਆਰ ਮੁਸਲਮਾਨ ਜਨੂੰਨੀਆਂ ਦੀ ਹਵਸਾਂ ਦਾ ਸ਼ਿਕਾਰ ਇਸ ਕਰਕੇ ਬਣੀ ਕਿ ਉਹ ਸਿੱਖ ਔਰਤ ਸੀ ਤੇ ਇਸ ਕਰਕੇ ਉਸ ਦਾ ਬੱਚਾ ਉਸ ਦੇ ਸਾਹਮਣੇ ਕਤਲ ਕੀਤਾ ਗਿਆ। ਪਰ ਇਧਰ ਹਿੰਦੂ ਸਿੱਖਾਂ ਦੀ ਫਿਰ ਹਵਸ ਦਾ ਸ਼ਿਕਾਰ ਬਣਦੀ ਹੈ। ਇਸ ਸਾਰੇ ਅਨੁਭਵ ਨੂੰ ਉਹ ਔਰਤ ਜਾਤੀ ਦੇ ਸੰਤਾਪ ਭੋਗਣ ਦੀ ਕਿਰਿਆ-ਪ੍ਰਤਿਕਿਰਿਆ ਰਾਹੀਂ ਪ੍ਰਗਟ ਕਰਦੀ ਹੈ।

ਇਸ ਪ੍ਰਕਾਰ ਅਜਮੇਰ ਸਿੰਘ ਔਲਖ ਦੇ ਨਾਟਕ 'ਅੰਨੇ ਨਿਸ਼ਾਨਚੀ' ਵਿਚ ਔਰਤ ਦੀ ਹੋਂਦ ਅਤੇ ਹੋਣੀ ਦੀ ਕਠੋਰਤਾ ਨਾਲ ਜੁੜੇ ਮਸਲੇ ਤੀਥਣ ਰੂਪ ਵਿਚ ਪ੍ਰਗਟ ਹੋਏ ਹਨ। ਉਸਦੇ ਨਾਟਕ ਵਿਚ ਔਰਤ ਲਈ ਜੋ ਭਾਵਨਾ ਪ੍ਰਕਾਸ਼ਮਾਨ ਹੋਈ ਹੈ ਉਹ ਕੇਵਲ ਨਾਰੀਵਾਦ ਨਾਲ ਨਾਤਾ ਨਹੀਂ ਜੋੜਦੀ ਸਗੋਂ ਸਮਾਜਿਕ ਚਿੰਤਨ ਦਾ ਇਕ ਅਨਿਖੜਵਾਂ ਅੰਗ ਹੋ ਨਿਬੜਦਾ ਹੈ।

ਉਪਰੋਕਤ ਤੋਂ ਸਪੱਸ਼ਟ ਹੈ ਕਿ ਦੇਸ਼ ਦੀ ਵੰਡ ਸਮੇਂ ਬੀਮਾਰ ਮਾਨਸਿਕਤਾ ਦੇ ਸ਼ਿਕਾਰ ਲੋਕਾਂ ਦੁਆਰਾ ਮਾਨਵੀ ਰਿਸ਼ਤਿਆਂ ਦੇ ਕੀਤੇ ਘਾਣ ਦੀ ਯਥਾਰਥਕ ਤਸਵੀਰ ਔਲਖ ਨੇ ਜੀਵੰਤ ਰੂਪ ਵਿਚ ਪੇਸ਼ ਕੀਤੀ ਹੈ।

**ਹਵਾਲੇ :**

1. ਡਾ. ਸੁਰਿੰਦਰ ਸਿੰਘ ਵਣਜਾਰਾ ਬੇਦੀ, ਪੰਜਾਬ ਦੀ ਲੋਕਧਾਰਾ, ਪੰਨਾ-11
2. ਅਤਰ ਸਿੰਘ, ਕਾਵਿ ਅਧਿਐਨ, ਪੰਨਾ-96
3. ਅਜਮੇਰ ਸਿੰਘ ਔਲਖ, ਅੰਨੇ ਨਿਸ਼ਾਨਚੀ, ਪੰਨਾ-43
4. ਉਹੀ, ਪੰਨਾ-46
5. ਉਹੀ, ਪੰਨਾ-56